**ਡਾਇਰੈਕਟੋਰੇਟ ਆਫ ਤਕਨੀਕੀ ਸਿਖਿਆ ਅਤੇਉਦਯੋਗਿਕ ਸਿਖਲਾਈ ਵਿਭਾਗ,ਪੰਜਾਬ,**
**ਪਲਾਟ ਨੰ: -1 ਸੈਕਟਰ 36-ਏ ਚੰਡੀਗੜ੍ਹ**
**Website: www.dtepunjab.gov.in E-mail: ditpbsdi@yahoo.in,Phone: 0172-5022366, 5022383**

**ਐਸ.ਡੀ.ਆਈ.ਸਕੀਮ ਅਧੀਨ ਦਾਖਲਾ ਨੋਟਿਸ**

ਭਾਰਤ ਸਰਕਾਰ ਵਲੋ ਬੇਰੋਜਗਾਰ ਨੋਜਵਾਨਾ,ਸਕੂਲ ਡਰਾਪ ਆਊਟਸ ਅਤੇ ਨਾਨ ਫਾਰਮਲ ਸੈਕਟਰ ਵਿੱਚ ਕੰਮ ਕਰਦੇ ਵਰਕਰਾਂ ਨੂੰ ਚੰਗੀ ਨੌਕਰੀ/ਸਵੈ ਰੋਜਗਾਰ ਲਈ ਕਾਬਲ ਬਣਾਉਣ ਹਿਤ ਸਬੰਧਤ ਕਿੱਤਿਆ ਵਿੱਚ ਮੁਹਾਰਤ ਹਾਸਲ ਕਰਨ ਲਈ ਸਕਿਲ ਡਿਵੈਪਲਮੈਂਟ ਕਰਨ ਦੇ ਮੰਤਵ ਨਾਲ ਐਸ.ਡੀ.ਆਈ ਸਕੀਮ ਚਲਾਈ ਗਈ ਹੈ।ਇਸ ਸਕੀਮ ਅਧੀਨ ਪੰਜਾਬ ਰਾਜ ਵਿੱਚ 102 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ 67 ਪ੍ਰਾਈਵੇਟ ਉਦਯੋਗਿਕ ਸਿਖਲਾਈ ਕੇਦਰਾਂ /ਅਦਾਰਿਆਂ ਨੂੰ ਬਤੌਰ ਵੀ.ਟੀ.ਪੀ ਰਜਿਸਟਰ ਕੀਤਾ ਗਿਆ ਹੈ।ਇਨ੍ਹਾਂ ਸੰਸਥਾਵਾ /ਕੇਂਦਰਾ ਵਿਚ ਇਸ ਸਕੀਮ ਅਧੀਨ ਦਾਖਲਾ ਕੀਤਾ ਜਾ ਰਿਹਾ ਹੈ। ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾ ਅਤੇ ਆਈ.ਟੀ.ਸੀ./ਪ੍ਰਾਈਵੇਟ ਅਦਾਰਿਆ ਵਿੱਚ ਇਸ ਸਕੀਮ ਅਧੀਨ ਵੱਖ ਵੱਖ ਸਾਰਟ ਟਰਮ ਕੋਰਸ ਸੁਰੂ ਕੀਤੇ ਗਏ ਹਨ, ਜਿਸ ਦਾ ਦਾਖਲਾ ਹੇਠ ਦਿਤੀਆਂ ਮਿਤੀਆਂ ਅਨੁਸਾਰ ਕੀਤਾ ਜਾਵੇਗਾ:

| | |
|---|---|
| ਦਾਖਲਾ ਫਾਰਮ ਪ੍ਰਾਪਤ ਕਰਨ ਅਤੇ ਜਮ੍ਹਾ ਕਰਵਾਉਣ ਦੀ ਮਿਤੀ | 20-12-2010 ਤੋ 10-1-2011 |
| ਜਨਰਲ ਕੈਟਾਗਰੀ ਦੇ ਦਾਖਲੇ ਦੀ ਮਿਤੀ | 13-1-2011 |
| ਰਿਜਰਵ ਕੈਟਾਗਰੀ ਦੇ ਦਾਖਲੇ ਦੀ ਮਿਤੀ | 14-1-2011 (ਪਹਿਲ ਦੁਪਹਿਰ) |
| ਖਾਲੀ ਰਹਿ ਗਈਆਂ ਸੀਟਾ (ਜੇਕਰ ਕੋਈ ਹੈ) ਵਿੱਚ ਦਾਖਲਾ ਜਨਰਲ ਕੈਟਾਗਰੀ ਵਿੱਚੋ ਕਰਨ ਦੀ ਮਿਤੀ | 14-1-2011 (ਬਾਅਦ ਦੁਪਹਿਰ) |
| ਕਲਾਸਾਂ ਸੁਰੂ ਕਰਨ ਦੀ ਮਿਤੀ | 17 -1-2011 |

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ ਉਨ੍ਹਾਂ ਵਿੱਚ ਚਲਾਏ ਜਾਣ ਵਾਲੇ ਕੋਰਸਾ ਦੀ ਡਿਟੇਲ ਵਿਭਾਗ ਦੀ ਵੈਬ ਸਾਈਟ www.dtepunjab.gov.in ਉਤੇ SDI/MES (IT Wing) ਲਿੰਕ ਤੇ ਐਕਸਨ ਪਲਾਨ ਦੀਆ ਫਾਇਲਾ ਤੇ ਉਪਲੱਭਧ ਹੈ। ਦਾਖਲਾ ਕੇਵਲ ਅਤੇ ਕੇਵਲ ਐਕਸਨ ਪਲਾਨ ਵਿਚ ਦਰਸਾਏ ਕੋਰਸਾ ਵਿਚ ਹੀ ਹੋਵੇਗਾ। ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾ ਲਈ ਦਾਖਲਾ ਸਬੰਧਤ ਸੰਸਥਾ ਵਿਚ ਹੀ ਕੀਤਾ ਜਾਵੇਗਾ।

ਉਪਰੋਕਤ ਅਨੁਸਾਰ ਦਾਖਲਾ ਨੋਡਲ ਸੰਸਥਾਵਾਂ ਵਿਚ ਪ੍ਰਿੰਸੀਪਲਾ ਅਧੀਨ ਦਾਖਲਾ ਕਮੇਟੀ ਵੱਲੋ ਕੀਤਾ ਜਾਵੇਗਾ ।ਸਰਕਾਰੀ ਸੰਸਥਾਵਾ ਵਾਸਤੇ ਇੰਟਰਵਿਊ ਦਾ ਸਥਾਨ ਸਬੰਧਤ ਸਰਕਾਰੀ ਸੰਸਥਾ ਵਿੱਚ ਹੋਵੇਗਾ।ਜਿਲਾ ਵਾਇਜ ਨੋਡਲ ਸੰਸਥਾਵਾ ਦੀ ਲਿਸਟ ਹੇਠ ਅਨੁਸਾਰ ਹੈ:

| **ਲੜੀ ਨੰ** | **ਜਿਲੇ ਦਾ ਨਾਮ** | **ਨੋਡਲ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਦਾ ਨਾਮ** | **ਲੜੀ ਨੰ** | **ਜਿਲੇ ਦਾ ਨਾਮ** | **ਨੋਡਲ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਦਾ ਨਾਮ** |
|---|---|---|---|---|---|
| 1 | ਪਟਿਆਲਾ | ਪਟਿਆਲਾ | 11 | ਫਤਿਹਗੜ੍ਹ ਸਾਹਿਬ | ਬੱਸੀ ਪਠਾਣਾ |
| 2 | ਬਠਿੰਡਾ | ਬਠਿੰਡਾ | 12 | ਮੁਕਤਸਰ | ਖਿਉਵਾਲੀ (ਇ:) |
| 3 | ਗੁਰਦਾਸਪੁਰ | ਗੁਰਦਾਸਪੁਰ | 13 | ਬਰਨਾਲਾ | ਬਰਨਾਲਾ |
| 4 | ਫਿਰੋਜਪੁਰ | ਫਿਰੋਜਪੁਰ | 14 | ਨਵਾ ਸਹਿਰ | ਨਵਾਂ ਸ਼ਹਿਰ |
| 5 | ਮਾਨਸਾ | ਬੁਢਲਾਡਾ | 15 | ਮੋਹਾਲੀ | ਮੋਹਾਲੀ (ਇ:) |
| 6 | ਲੁਧਿਆਣਾ | ਲੁਧਿਆਣਾ | 16 | ਜਲੰਧਰ | ਜਲੰਧਰ (ਇ:) |
| 7 | ਮੋਗਾ | ਮੋਗਾ | 17 | ਰੋਪੜ | ਰੋਪੜ |
| 8 | ਹੁਸਿਆਰਪੁਰ | ਹੁਸ਼ਿਆਰਪੁਰ | 18 | ਤਰਨਤਾਰਨ | ਪੱਟੀ |
| 9 | ਅੰਮ੍ਰਿਤਸਰ | ਅੰਮ੍ਰਿਤਸਰ (ਇ:) | 19 | ਸੰਗਰੂਰ | ਸੁਨਾਮ |
| 10 | ਫਰੀਦਕੋਟ | ਫਰੀਦਕੋਟ | 20 | ਕਪੂਰਥਲਾ | ਫਗਵਾੜਾ |

**ਨੋਟ:-** ਐਸ.ਡੀ.ਆਈ. ਸਕੀਮ ਅਧੀਨ ਦਾਖਲਾ ਲੈਣ ਹਿਤ ਦਾਖਲਾ ਫਾਰਮ ਜਿਲ੍ਹੇ ਦੀ ਨੋਡਲ ਸੰਸਥਾ ਜਾਂ ਵੀ.ਟੀ.ਪੀਜ ਵਿੱਚੋ ਮੁਫਤ ਲਿਆ ਜਾ ਸਕਦਾ ਹੈ ਜਾਂ www.dget.nic.in/mes/forms.htm ਤੋ ਡਾਊਨ ਲੋਡ ਕੀਤਾ ਜਾ ਸਕਦਾ ਹੈ। ਇਹ ਫਾਰਮ ਉਮੀਦਵਾਰਾ ਵੱਲੋ ਨੋਡਲ ਸੰਸਥਾਵਾ ਜਾਂ ਵੀ.ਟੀ.ਪੀਜ ਵਿਚ ਜਮਾਂ ਕਰਵਾਇਆ ਜਾ ਸਕਦਾ ਹੈ। ਵੀ.ਟੀ.ਪੀ ਇਹ ਸਾਰੇ ਫਾਰਮ ਮਿਤੀ 11-1-2011 ਨੂੰ ਹਰ ਹਾਲਤ ਵਿਚ ਨੋਡਲ ਸੰਸਥਾ ਵਿਚ (ਹਾਰਡ ਕਾਪੀ ਅਤੇ ਸਾਫਟ ਕਾਪੀ) ਜਮਾਂ ਕਰਵਾਉਣਗੇ। ਨੋਡਲ ਸੰਸਥਾ ਸਾਝੀ ਮੈਰਿਟ ਲਿਸਟ ਤਿਆਰ ਕਰੇਗੀ।

**ਜ਼ਰੂਰੀ ਨੋਟ ਦਾਖਲੇ ਸਬੰਧੀ ਜਰੂਰੀ ਹਦਾਇਤਾ ਅਤੇ ਜਿਲਾ ਵਾਇਜ ਵੀ.ਟੀ.ਪੀਜ ਦੀ ਡੀਟੇਲ ਨੋਡਲ ਸੰਸਥਾਵਾ ਤੋ ਪ੍ਰਾਪਤ ਕੀਤੀਆ ਜਾ ਸਕਦੀਆ ਹਨ ਜਾਂ ਵਿਭਾਗ ਦੀ ਵੈਬ ਸਾਇਟ www.dtepunjab.gov.in ਤੇ SDI/MES (IT Wing) ਲਿੰਕ ਤੇ ਉਪਲੰਬਧ ਹੈ।**

1. ਮੈਨੂਫੈਕਚਰਿੰਗ ਸੈਕਟਰ ਲਈ ਇਕ ਬੈਚ ਵਿਚ ਵੱਧ ਤੋ ਵੱਧ 20 ਸਿਖਿਆਰਥੀ ਅਤੇ ਬਾਕੀ ਕੋਰਸਾ ਲਈ ਇਕ ਬੈਚ ਵਿੱਚ ਵੱਧ ਤੋ ਵੱਧ 30 ਸਿਖਿਆਰਥੀ ਹੋਣਗੇ ਅਤੇ ਇਹਨਾਂ ਸੰਸਥਾਵਾਂ ਦੇ ਮੁੱਖੀ ਸਾਰੇ ਉਮੀਦਵਾਰਾਂ ਨੂੰ ਉਪਲੱਭਧ ਸਹੂਲਤਾਂ ਦੇ ਮੱਦੇ ਨਜਰ ਕੋਰਸ ਅਨੁਸਾਰ ਵੱਖ ਵੱਖ ਬੈਚਾ ਵਿੱਚ ਸਿਖਲਾਈ ਦੇਣ ਦਾ ਪ੍ਰਬੰਧ ਕਰਨਗੇ।

2. ਸਾਰੇ ਉਮੀਦਵਾਰਾ ਦਾਖਲੇ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।

3. ਨਿਰਧਾਰਤ ਮਿਤੀ ਨੂੰ ਸਵੇਰੇ 9.00 ਵਜੇ ਤੋ 11.00 ਵਜੇ ਤੱਕ ਉਮੀਦਵਾਰਾ ਵੱਲੋ ਹਾਜ਼ਰੀ ਲਗਾਈ ਜਾਵੇਗੀ।ਸਾਰੇ ਉਮੀਦਵਾਰ ਇੰਟਰਵਿਊ ਵਾਲੇ ਦਿਨ ਸਵੇਰੇ 11.00 ਵਜੇ ਸਿਲੈਕਸਨ ਕਮੇਟੀ ਸਾਹਮਣੇ ਪੇਸ਼ ਹੋਣਗੇ।ਜਿਹੜਾ ਉਮੀਦਵਾਰ ਦਾਖਲਾ ਚੋਣ ਕਮੇਟੀ ਸਾਹਮਣੇ ਪੇਸ਼ ਨਹੀ ਹੋਵੇਗਾ,ਉਸਨੂੰ ਦਾਖਲਾ ਨਹੀ ਦਿੱਤਾ ਜਾਵੇਗਾ।

4. ਜੇਕਰ ਕੋਈ ਉਮੀਦਵਾਰ ਦਾਖਲਾ ਫਾਰਮ ਦੇਣ ਸਮੇਂ ਆਪਣੀ ਕੈਟਾਗਰੀ ਦਾ ਸਬੂਤ ਨੱਥੀ ਨਹੀ ਕਰੇਗਾ ਤਾਂ ਉਸ ਦਾ ਨਾਮ ਜਨਰਲ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਅਤੇ ਬਾਅਦ ਵਿੱਚ ਅਦਲਾ ਬਦਲੀ ਨਹੀ ਹੋਵੇਗੀ।

5. ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸਬੰਧਤ ਸੰਸਥਾਵਾਂ ਵਿਖੇ ਸਪੰਰਕ ਕੀਤਾ ਜਾ ਸਕਦਾ ਹੈ ਅਤੇ ਵੱਖ ਵੱਖ ਕੋਰਸਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ,ਕੋਰਸਾਂ ਦਾ ਵੇਰਵਾ ,ਕੋਰਸ ਦਾ ਸਮਾਂ ਅਤੇ ਦਾਖਲਾ ਫਾਰਮ ਫਾਰਮੈਟ ਵਿਭਾਗ ਦੀ ਵੈਬ ਸਾਇਟ www.dtepunjab.gov.in ਉਤੇ SDI/MES (IT Wing ) ਲਿੰਕ ਤੇ ਅਤੇ ਸਕਿੱਲ ਡਿਵੈਲਪਮੈਂਟ ਇੰਨੀਸੀਏਟੀਵ ਸਕੀਮ ਸਬੰਧੀ ਡੀ.ਜੀ.ਈ

ਐਂਡ ਟੀ ਦੀ ਵੈਬ ਸਾਇਟ www.dget.nic.in/mes ਤੇ ਵੇਖਿਆ ਜਾ ਸਕਦਾ ਹੈ।ਜਿਹੜਾ ਉਮੀਦਵਾਰ ਰਿਜਰਵ ਕੈਟਾਗਰੀ (ਐਸ.ਸੀ/ਬੀ.ਸੀ) ਨਾਲ ਸਬੰਧਤ ਹੈ ਉਹ ਜਨਰਲ ਕੈਟਾਗਰੀ ਦੀ ਇੰਟਰਵਿਊ ਦੀ ਮਿਤੀ ਵਾਲੇ ਦਿਨ ਵੀ ਦਾਖਲਾ ਲੈ ਸਕਦਾ ਹੈ।ਜੇਕਰ ਉਸ ਦਿਨ ਜਨਰਲ ਕੈਟਾਗਰੀ ਅਧੀਨ ਦਾਖਲਾ ਨਹੀ ਮਿਲਦਾ ਤਾਂ ਉਹ ਰਿਜਰਵ ਕੈਟਾਗਰੀ ਦੇ ਉਮੀਦਵਾਰ ਵਜੋ ਇੰਟਰਵਿਊ ਦੇ ਸਕਦਾ ਹੈ।ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਮੁੱਖੀ ਇਸ ਅਨੁਸਾਰ ਜਨਰਲ ਕੈਟਾਗਰੀ ਲਈ ਮੈਰਿਟ ਲਿਸਟ ਤਿਆਰ ਕਰਨਗੇ।ਜਿਸ ਵਿੱਚ ਰਿਜ਼ਰਵ ਕੈਟਾਗਰੀ(ਐਸ.ਸੀ/ਬੀ.ਸੀ) ਨਾਲ ਸਬੰਧਤ ਉਮੀਦਵਾਰ ਵੀ ਹੋਣਗੇ।ਦਾਖਲੇ ਦੇ ਆਖਰੀ ਦਿਨ ਖਾਲੀ ਰਹ ਗਈਆਂ ਰਿਜਰਵ ਸੀਟਾ ਜਨਰਲ ਪੂਲ ਵਿਚੋਂ ਭਰੀਆਂ ਜਾਣਗੀਆਂ।

6. ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 2/12/2005-2 ਟੀਈ(1) 980 ਮਿਤੀ 23-6-05 ਅਨੁਸਾਰ ਦੂਜੇ ਰਾਜਾ ਦੇ ਵਸਨੀਕ ਉਮੀਦਵਾਰਾ ਲਈ 15% ਸੀਟਾ ਨਿਰੋਲ ਮੈਰਿਟ ਤੇ ਜਨਰਲ ਕੈਟਾਗਰੀ ਵਿੱਚੋ ਉਪਲੱਭਧ ਹੋਣਗੀਆਂ।ਕਿਸੇ ਵੀ ਹਾਲਤ ਵਿੱਚ ਇਹ ਸੀਟਾ ਨਿਰਧਾਰਤ ਸੀਟਾ ਤੋ ਵੱਧ ਨਹੀ ਭਰੀਆਂ ਜਾਣਗੀਆਂ ।

7. ਉਮੀਦਵਾਰ ਸਬੰਧਤ ਸੰਸਥਾ ਵਿੱਚ ਦਾਖਲੇ ਲਈ ਉਪਲਬੱਧ ਸੀਟਾ ਸਬੰਧੀ ਜਾਣਕਾਰੀ ਸਬੰਧਤ ਵੀ.ਟੀ.ਪੀ ਦੇ ਮੁੱਖੀ ਤੋ ਲੈ ਸਕਦੇ ਹਨ।ਵਿਭਾਗ ਕਿਸੇ ਵੀ ਸਮੇ ਕਿਸੇ ਵੀ ਸੰਸਥਾ ਵਿਖੇ,ਕਿਸੇ ਵੀ ਕੋਰਸ ਦਾ ਦਾਖਲਾ ਰੋਕ ਸਕਦਾ ਹੈ। ਸਾਰੇ ਵੀ.ਟੀ.ਪੀਜ ਵੱਲੋ ਦਾਖਲਾ ਕੇਵਲ ਅਪਰੂਵਡ ਐਕਸਨ ਪਲਾਨ ਅਨੁਸਾਰ ਹੀ ਕੀਤਾ ਜਾਵੇਗਾ।

8. ਉਮੀਦਵਾਰਾਂ ਵਲੋ ਇੰਟਰਵਿਊ ਲਈ ਨਿਸਚਿਤ ਮਿਤੀ ਨੂੰ ਅਪੀਅਰ ਨਾ ਹੋਣ ਤੇ ਉਹਨਾ ਦਾ ਦਾਖਲੇ ਲਈ ਕੋਈ ਕਲੇਮ ਨਹੀ ਹੋਵੇਗਾ।ਇਸ ਸਬੰਧੀ ਕਿਸੇ ਵੀ ਪੱਤਰ ਵਿਹਾਰ ਤੇ ਵਿਚਾਰ ਨਹੀ ਕੀਤਾ ਜਾਵੇਗਾ।

9. ਦਾਖਲੇ ਵਿੱਚ ਰਿਜਰਵੇਸ਼ਨ ਪੰਜਾਬ ਸਰਕਾਰ ਵਲੋ ਨਿਰਧਾਰਤ ਰਿਜ਼ਰਵੇਸ਼ਨ ਪਾਲਸੀ ਅਨੁਸਾਰ ਹੋਵੇਗੀ।

'ਰਿਜਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋ ਜਾਰੀ ਕੀਤਾ ਅਸਲ ਸਰਟੀਫਿਕੇਟ ਲੈ ਕੇ ਆਉਣਗੇ। ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਰਿਜਰਵ ਕੈਟਾਗਰੀ ਵਿੱਚ ਨਹੀ ਵਿਚਾਰਿਆ ਜਾਵੇਗਾ।

**ਟ੍ਰੇਨਿੰਗ ਚਾਰਜਿਜ: 90** ਘੰਟੇ ਦੇ ਕੋਰਸ ਲਈ 500/-ਰੁ:,91-180 ਘੰਟੇ ਦੇ ਕੋਰਸ ਲਈ 1000/-ਰੁ,181-270 ਘੰਟੇ ਦੇ ਕੋਰਸ ਲਈ 1500/-ਰੁ, 270 ਘੰਟੇ ਤੋ ਉਪਰ ਦੇ ਕੋਰਸ ਲਈ 2000/-ਰੁ ਦੇ ਹਿਸਾਬ ਨਾਲ ਟਰੇਨਿੰਗ ਚਾਰਜਜ ਲਏ ਜਾਣਗੇ।

ਜਿਹੜੇ ਸਿਖਿਆਰਥੀ ਇਹ ਟ੍ਰੇਨਿੰਗ ਪੂਰੀ ਕਰਕੇ ਪਾਸ ਹੋਣਗੇ,ਉਹਨਾਂ ਨੂੰ ਸੰਸਥਾਵਾਂ ਵਲੋ ਟ੍ਰੇਨਿੰਗ ਚਾਰਜਿਜ ਵਾਪਿਸ ਕਰ ਦਿੱਤੇ ਜਾਣਗੇ।ਐਸ.ਸੀ./ਐਸ.ਟੀ ਕੈਟਾਗਰੀ ਦੇ ਉਮੀਦਵਾਰਾਂ ਅਤੇ ਇਸਤਰੀ ਉਮੀਦਵਾਰਾਂ ਅਤੇ ਹੈਡੀਕੈਪਡ ਉਮੀਦਵਾਰਾਂ ਨੂੰ 25% ਫੀਸ ਦੀ ਛੋਟ ਦਿੱਤੀ ਜਾਵੇਗੀ।

**ਉਮਰ:-** ਉਮੀਦਵਾਰ ਦੀ ਉਮਰ 14 ਸਾਲ ਤੋ ਵੱਧ ਹੋਣੀ ਜਰੂਰੀ ਹੈ। ਉਮਰ ਦੀ ਉਪਰਲੀ ਕੋਈ ਸੀਮਾ ਨਹੀ ਹੈ।

**ਸਰਟੀਫਿਕੇਟ:** ਪਾਸ ਆਊਟ ਸਿਖਿਆਰਥੀਆਂ ਨੂੰ ਐਨ.ਸੀ.ਵੀ.ਟੀ ਵਲੋ ਸਰਟੀਫਿਕੇਟ ਦਿੱਤਾ ਜਾਵੇਗਾ।

**ਵਿਸੇਸਤਾਵਾਂ:** ਇਸ ਸਕੀਮ ਦਾ ਮੁੱਖ ਮੰਤਵ ਸਕੂਲ ਡਰਾਪ ਆਊਟਸ ਮੋਜੂਦਾ ਵਰਕਰਾਂ ਅਤੇ ਐਨ.ਟੀ.ਸੀ ਹੋਲਡਰਾਂ ਦੀ ਇੰਪਲਾਈਬਿਲਟੀ ਵਧਾਉਣ ਲਈ ਉਹਨਾਂ ਦੇ ਹੁਨਰ ਦਾ ਪੱਧਰ ਉੱਚਾ ਚੁੱਕਣਾ ਤੇ ਹੁਨਰ ਨੂੰ ਸਰਟੀਫਾਈ ਕਰਨਾ ਹੈ। ।ਇਸ ਟ੍ਰੇਨਿੰਗ ਦਾ ਸਮਾਂ ਟ੍ਰੇਨਿੰਗ ਲੈਣ ਵਾਲੇ ਉਮੀਦਵਾਰਾਂ ਦੀ ਸਹੂਲਤ ਅਨੁਸਾਰ ਸਬੰਧਤ ਸੰਸਥਾਵਾਂ ਵਲੋ ਨਿਰਧਾਰਤ ਕੀਤਾ ਜਾਵੇਗਾ।

ਵੀ.ਕੇ.ਸ਼ਰਮਾ
ਮਿਤੀ: 15-12-2010
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।